



# ਵਾਸ਼ਿੰਗਟਨ ਵਰਕਰਾਂ ਲਈ ਇੱਕ ਨਵਾਂ ਟੈਕਸ ਕ੍ਰੈਡਿਟ

ਵਰਕਿੰਗ ਫੈਮਿਲੀਜ਼ ਟੈਕਸ ਕ੍ਰੈਡਿਟ ਉਹਨਾਂ ਵਿਅਕਤੀਆਂ ਅਤੇ ਪਰਿਵਾਰਾਂ ਨੂੰ $1,200 ਤੱਕ ਦੇ ਭੁਗਤਾਨ ਪ੍ਰਦਾਨ ਕਰੇਗਾ ਜੋ ਯੋਗਤਾ ਲੋੜਾਂ ਪੂਰੀਆਂ ਕਰਦੇ ਹਨ।

## ਟੈਕਸ ਕ੍ਰੈਡਿਟ ਲਈ ਯੋਗ ਕੌਣ ਹੈ?

ਵਿਅਕਤੀ ਅਤੇ ਪਰਿਵਾਰ ਤਾਂ ਹੀ ਯੋਗ ਹਨ ਜੇਕਰ ਉਹ ਅੱਗੇ ਦਿੱਤੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਕਰਦੇ ਹਨ:

- ਘੱਟੋ-ਘੱਟ 183 ਦਿਨਾਂ ਤੋਂ Washington ਵਿੱਚ ਰਹਿੰਦੇ ਹਨ।
- ਉਮਰ ਘੱਟੋ-ਘੱਟ 25 ਸਾਲ ਤੋਂ 65 ਸਾਲ ਵਿਚਕਾਰ ਹੈ ਜਾਂ 2022 ਵਿੱਚ ਇੱਕ ਯੋਗ ਬੱਚਾ ਹੈ।
- ਇੱਕ ਸੋਸ਼ਲ ਸਕਿਉਰਿਟੀ ਨੰਬਰ (SSN) ਜਾਂ ਇੱਕ ਇੰਡਵਿਜੁਅਲ ਟੈਕਸਪੇਅਰ ਆਇਡੈਂਟਿਫਿਕੇਸ਼ਨ ਨੰਬਰ (ITIN) ਨਾਲ 2022 ਫੈਡਰਲ ਟੈਕਸ ਰਿਟਰਨ ਦਾਖਲ ਕੀਤੀ।
- ਉਹਨਾਂ ਦੇ 2022 ਟੈਕਸ ਰਿਟਰਨ 'ਤੇ ਫੈਡਰਲ ਅਰਨਡ ਇਨਕਮ ਟੈਕਸ ਕ੍ਰੈਡਿਟ ਵਾਸਤੇ ਯੋਗ।
  - ਜ਼ਿਆਦਾ ਜਾਣਕਾਰੀ ਲਈ www.irs.gov/eitc 'ਤੇ ਜਾਓ।
- ਕੁਝ ਕ੍ਰੈਡਿਟ ਇਨਕਮ ਲੋੜਾਂ ਪੂਰੀਆਂ ਕਰੋ (ਸਾਰਣੀ ਦੇਖੋ)।

## ਵਿਅਕਤੀਆਂ ਅਤੇ ਪਰਿਵਾਰਾਂ ਨੂੰ ਕਿੰਨਾ ਵਾਪਸ ਮਿਲੇਗਾ?

ਵਰਕਿੰਗ ਫੈਮਿਲੀਜ਼ ਟੈਕਸ ਕ੍ਰੈਡਿਟ ਯੋਗਤਾ ਪੂਰੀ ਕਰਨ ਵਾਲੇ ਬੱਚਿਆਂ ਦੀ ਗਿਣਤੀ ਅਤੇ ਆਮਦਨੀ ਦੇ ਪੱਧਰ 'ਤੇ ਨਿਰਭਰ ਕਰਦਾ ਹੈ। ਯੋਗਤਾ ਪੂਰੀ ਕਰਨ ਵਾਲੇ ਬੱਚਿਆਂ ਦੀ ਗਿਣਤੀ ਦੀ ਪਰਵਾਹ ਕੀਤੇ ਬਿਨਾਂਘੱਟੋ-ਘੱਟ ਕ੍ਰੈਡਿਟ $50 ਹੈ। 2022 ਆਮਦਨ ਯੋਗਤਾ ਥ੍ਰੈਸ਼ਹੋਲਡ ਦੇ ਆਧਾਰ 'ਤੇ ਅਨੁਮਾਨਾਂ ਲਈ ਸਾਰਣੀ ਦੇਖੋ।

## ਆਮਦਨ ਸੀਮਾਵਾਂ ਕੀ ਹਨ?

| ਯੋਗਤਾ ਪੂਰੀ ਕਰਨ ਵਾਲੇ ਬਿਨੈਕਾਰ ਬੱਚਿਆਂ ਦੀ ਗਿਣਤੀ | ਨਿਮਨਲਿਖਤ ਤੋਂ ਘੱਟ ਹੋਣੀ ਚਾਹੀਦੀ ਹੈ | | ਅਧਿਕਤਮ ਕ੍ਰੈਡਿਟ ਰਾਸ਼ੀ |
|---|---|---|---|
| | ਅਵਿਵਾਹਿਤ | ਸ਼ਾਦੀਸ਼ੁਦਾ *(ਸੰਯੁਕਤ ਤੌਰ 'ਤੇ ਫਾਇਲ ਕਰਨਾ)* | |
| 0 | $16,480 | $22,610 | $300 |
| 1 | $43,492 | $49,622 | $600 |
| 2 | $49,399 | $55,529 | $900 |
| 3 *ਜਾਂ ਇਸ ਤੋਂ ਵੱਧ* | $53,057 | $59,187 | $1,200 |

ਐਪਲੀਕੇਸ਼ਨਾਂ 1 ਫਰਵਰੀ, 2023 ਤੋਂ ਖੁੱਲ੍ਹੀਆਂ ਹਨ ਅਤੇ 31 ਦਸੰਬਰ, 2023 ਤੱਕ ਸਵੀਕਾਰ ਕੀਤੀਆਂ ਜਾਣਗੀਆਂ।

**ਵਧੂ ਜਾਣਕਾਰੀ ਤੱਕ ਪਹੁੰਚ ਕਰਨ ਜਾਂ ਅੱਪਡੇਟਾਂ ਵਾਸਤੇ ਸਾਈਨ ਅੱਪ ਕਰਨ ਵਾਸਤੇ, ਸਾਡੀ ਵੈੱਬਸਾਈਟ 'ਤੇ ਜਾਓ: WorkingFamiliesCredit.wa.gov ਜਾਂ 360-763-7300 'ਤੇ ਕਾਲ ਕਰੋ।**

WFTC0001-PA (02/03/2023)

Department of Revenue Washington State